# ਦੂਜੀ ਸ੍ਰੇਣੀ

## ਸ਼੍ਰੇਣੀ ਦੂਜੀ

## 1.ਪੰਜਾਬੀ (ਪਹਿਲੀ ਭਾਸ਼ਾ)

**ਉਦੇਸ਼ :**

1. **ਪੜ੍ਹਨਾ**

(ੳ) ਵਿਦਿਆਰਥੀ ਸੰਯੁਕਤ ਅੱਖਰਾਂ ਵਾਲ਼ੇ ਜਾਣੇ-ਪਛਾਣੇ ਸ਼ਬਦਾਂ ਨੂੰ ਪੜ੍ਹ ਸਕੇ।

(ਅ) ਪੂਰਨ-ਵਿਸਰਾਮ, ਕਾਮਾ, ਪ੍ਰਸ਼ਨਵਾਚਕ ਤੇ ਵਿਸਮਕ-ਚਿੰਨ੍ਹਾਂ ਅਨੁਸਾਰ ਬੋਲ ਕੇ ਪੜ੍ਹ ਸਕੇ।

(ੲ) ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਹਾਣੀਆਂ, ਕਵਿਤਾਵਾਂ ਤੇ ਲੇਖ ਪੜ੍ਹ ਸਕੇ।

2. **ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਗਏ ਪਾਠ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਵਿੱਚ ਅਧਿਆਪਕ ਦੀ ਦਿੱਤੀ ਸੰਥਿਆ ਨੂੰ ਸਮਝ ਸਕੇ।

(ੲ) ਆਮ ਗੱਲ-ਬਾਤ, ਕਹਾਣੀਆਂ, ਕਵਿਤਾਵਾਂ, ਬੁਝਾਰਤਾਂ ਅਤੇ ਚੁਟਕਲੇ ਆਦਿ ਸੁਣ ਕੇ ਸਮਝ ਸਕੇ।

(ਸ) ਟੈਲੀਵੀਜ਼ਨ ਜਾਂ ਰੇਡੀਓ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਦੇਖੇ/ਸੁਣੇ ਪ੍ਰੋਗ੍ਰਾਮ ਨੂੰ ਸਮਝ ਸਕੇ।

(ii) **ਪੜ੍ਹ ਕੇ**

(ੳ) ਵਿਦਿਆਰਥੀ ਪਾਠ -ਪੁਸਤਕਾਂ ਦੇ ਪਾਠ ਨੂੰ ਪੜ੍ਹ ਕੇ ਸਮਝ ਸਕੇ ਅਤੇ ਉਸ ਬਾਰੇ ਪੁੱਛੇ ਸਰਲ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ।

(ਅ) ਪੜ੍ਹਦੇ ਸਮੇਂ ਲਿਖਤ ਵਿੱਚ ਪ੍ਰਗਟਾਏ ਹੈਰਾਨੀ ਅਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

3. **ਪ੍ਰਗਟਾਅ**

(i) **ਮੌਖਿਕ**

(ੳ) ਵਿਦਿਆਰਥੀ ਪੜ੍ਹੀ ਜਾਂ ਸੁਣੀ ਹੋਈ ਕਿਸੇ ਕਵਿਤਾ ਜਾਂ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ।

(ਅ) ਪਾਠ-ਪੁਸਤਕਾਂ ਵਿਚਲੇ ਪੜ੍ਹੇ ਪਾਠਾਂ ਬਾਰੇ ਨਿੱਕੇ ਤੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ।

(ੲ) ਆਪਣੀ ਪਾਠ-ਪੁਸਤਕਾਂ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ।

(ii) **ਲਿਖਤੀ**

(ੳ) ਵਿਦਿਆਰਥੀ ਪਾਠ-ਅਭਿਆਸਾਂ ਵਿੱਚੋਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ।

(ਅ) ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਸ਼ਬਦ ਚੁਣ ਕੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਭਰ ਸਕੇ।

(ੲ) 'ਸਮਝੋ ਤੇ ਲਿਖੋ' ਸਿਰਲੇਖ ਹੇਠ ਦਿੱਤੀਆਂ ਉਦਾਹਰਨਾਂ ਨੂੰ ਦੇਖ ਕੇ ਲਿੰਗ ਤੇ ਵਚਨ ਬਦਲ ਕੇ ਲਿਖ ਸਕੇ।

(ਸ) ਸਧਾਰਨ ਵਾਕਾਂ ਨੂੰ ਲਿਖ ਸਕੇ।

**ਨਿਯਤ ਪਾਠ-ਪੁਸਤਕਾਂ**

1. **ਪੰਜਾਬੀ ਪੁਸਤਕ-2**

**ਪ੍ਰਕਾਸ਼ਕ:- ਪੰਜਾਬ ਸਕੂਲ ਸਿੱਖਿਆ ਬੋਰਡ**

## कक्षा – 2
## 2 (प्रथम भाषा)

**मौखिक अभिव्यक्ति**

**विद्यार्थी :**

1 बात सुनकर उसको सही – सही आगे बताने के योग्य हो ;

2 वक्ता की आवाज़ के उतार – चढ़ाव से ही कथनों, प्रश्नों और विस्मय प्रकट करने वाले वाक्यों की पहचान कर सके;

3 आवाज़ के उतार – चढ़ाव से ही खुशी, आश्चर्य, क्रोध आदि भावों की अभिव्यक्ति करना :

4 आवाज़ के उचित – चढ़ाव और हाव – भाव से समूह – गान, कविता पाठ करना और कहानी कहना आदि में भाग ले सकने के योग्य हो सके ;

5 बोलते समय भाषा के प्रामाणिक रूप को अपनाने की ओर प्रेरित हो ।

**पढ़ाई :**

1 निर्धारित पाठ्य – क्रम में से साधारण वाक्यों को ऊँचा बोलकर, उसमें प्रयुक्त विराम – चिह्नों (बल, ठहराव आदि) को बोलकर महसूस करना;

2 ज़ोर से पढ़ते समय विराम – चिह्नों, अर्द्ध विराम, पूर्ण विराम आदि के प्रति सावधानी का प्रयोग;

3 वाक्यों को उचित और अर्थ पूर्ण शब्द – खण्डों में बाँटना

4 कहानियों, कथनों, वार्तालापों और कविताओं को समझ से पढ़ना;

5 जाने–पहचाने शब्दों के संयुक्त अक्षरों को साथ पढ़ना;

6 पहले सीखे हुए शब्दों के अलावा 200 से 250 तक नये शब्दों को ग्रहण करना। यह शब्दावली बच्चे के घर, पड़ोस और स्कूल में उन वस्तुओं, घटनाओं आदि के बारे में हो, जिनमें बच्चों की रूचि हो ।

**लिखाई :** विद्यार्थी में लिखने की योग्यता का विस्तार करना जिससे वह :

1 लिखते समय आँखों और हाथों की हरकतों में सांमजस्य पैदा कर सके ;

2 वर्णों के रूप, आकार, तिरछापन और एकसारता द्वारा लिखाई में सुधार कर सके;

3 पेन्सिल, कलम या स्लेटी से कॉपी , तख़्ती या स्लेट पर स्पष्ट लिखाई के योग्य हो;

4 छोटे और साधारण वाक्यों के श्रुतलेख और प्रतिलेखन के योग्य हो;

5 दिए हुए शब्दों को चुनकर रिक्त स्थानों की पूर्ति कर सके ।

**पाठ्य – पुस्तक : हिंदी पुस्तक –2 (पंजाब स्कूल शिक्षा बोर्ड द्वारा प्रकाशित )**

# 3.ਉਰਦੂ



## Punjab School Education Board

S.A.S Nagar, Mohali

Syllabus of Urdu (Class 2nd)

---

نصابی کتاب:۔ابتدائی اردو(پہلی جماعت کے لیے اردو کی درسی کتاب)

شائع کردہ: N.C.E.R.T., DELHI

کل نمبر: 50

وقت: 2 گھنٹے

نوٹ:اس نصاب میں سبق نمبرایک سے سبق نمبر12 تک شامل ہوں گےاور تمام سوالات نصابی کتاب میں سے ہی پوچھے جائیں گے۔

| | | |
|---|---|---|
| I۔ | کسی عبارت یاالفاظ کودیکھ کرکوشخط لکھنا۔ | 5 |
| II۔ | تین یاچارحروف والےکوئی پانچ الفاظ کوحروف میں لکھنا۔ | 5 |
| III۔ | تین یاعارحروف والےکوئی پانچ الفاظ لکھنا۔ | 10 |
| IV۔ | ''الف''اور''ب''کےتحت دیئےہوےلفظوں کوصحیح جوڑ کرمکمل کرنا۔ | 5 |
| V۔ | اردو میں دس تک گنتی لکھنا۔ | 10 |
| VI۔ | نقطوں کی مدد سے کوئی دس لفظ بنانا۔مثال درج ذیل ہے۔ (ماما، ماما، عادب، مارع) | 10 |
| VII۔ | بریکٹ میں دیئے ہوے صحیح حروف کی مدد سے لفظ مکمل کرنا۔مثلاً (خ.........(ت ط)، ن.........(ض ز ظ) | 5 |

## Class II
## 4. English

<table>
<tr><th>Suggested Pedagogical Processes</th><th>Learning Outcomes</th></tr>
<tr><td>

**The learner may be provided opportunities in pairs/groups/ individually and encouraged to:**

- sing/recite collectively, songs/poems/rhymes with action.
- listen to stories, and humorous incidents and interact in English/home language.
- ask simple questions, for example, on characters, places, the sequence of events in the story, etc.
- respond orally in home language/English/ sign language/non-verbal expressions.
- write 2-3 simple sentences about the given pictures.
- develop phonemic awareness through different sounds, emerging from the words in stories and texts e.g. ill-pill, a hot pot, a fat cat and related activities.
- speak and write English, talk to their peers in English, about festivals and events at homes and schools.
- enrich vocabulary in English mainly through phrases, short sentences and short stories.
- use appropriately pronouns related to gender such as I,you,my,his,her, 'he', 'she', , and demonstrative pronouns such as 'this', 'that', 'these', 'those'; and prepositions such as 'in', 'on' ,'under', etc.
- write 2-3 sentences describing common events using adjectives,
- Use prepositions and sight words. For example, This is Tom. He is a boy. He has a pup.

</td><td>

**The learner:**

- sings songs/rhymes with action.
- responds to comprehension questions related to stories and poems, in mother tongue/ English/ orally and in writing in the form of (phrases/ short sentences)
- identifies characters, and sequence of events in a story.
- Recalls and identifies the objects in the given picture
- writes a few words/short sentence in response to pictures.
- Listens to greetings and courtesies and responds in English like Good morning, Good afternoon , 'How are you?', 'I'm fine, thank you. 'etc.
- uses describing words related to size, colour like red, big etc
- uses pronouns related to gender like 'he/she' 'his / her/, 'it' and domonstrative pronouns like 'this/that', 'here/there' 'these/those' etc.
- uses prepositions like in , on, under etc.
- reads and write phrases and short sentences properly.
- composes and writes simple words properly.
- Writes the words, phrases / sentences spoken by the teacher.

</td></tr>
</table>

**Contents**

1. English Alphabet
2. Cursive Letters
3. Vowel Sound 'a'
4. Vowel Sound 'e'
5. Vowel Sound 'i'
6. Vowel Sound 'o'
7. Vowel Sound 'u'
8. In/On/Under
9. Use of a/an
10. Use of This/That/These/Those
11. Let's Read and Understand
12. My Computer
13. Going to a Zoo
14. A Pet hen
15. Holi

**Book prescribed by Punjab School Education Board**

**RAINBOW (English class-II)**

## ਸ਼੍ਰੇਣੀ - ਦੂਜੀ
## 5. ਗਣਿਤ

**ਸਮਾਂ: 3 ਘੰਟੇ**

**ਰੇਖਾ ਗਣਿਤ**

**ਆਕ੍ਰਿਤੀਆਂ ਅਤੇ ਇਨ੍ਹਾਂ ਦਾ ਵਿੱਥਮਈ ਗਿਆਨ**

**3-D ਅਤੇ 2-D ਆਕ੍ਰਿਤੀਆਂ**

- ਵਾਤਾਵਰਣ ਵਿੱਚ ਦਿੱਤੀਆਂ ਵਸਤੂਆਂ ਦਾ ਨਿਰੀਖਣ ਕਰਨਾ ਅਤੇ ਉਹਨਾਂ ਦੇ ਜਿਮਾਇਤੀ ਵਿਸ਼ੇਸ਼ਤਾਵਾਂ ਲਈ ਗੁਣਾਤਮਕ ਅਨੁਭਵ ਪ੍ਰਾਪਤ ਕਰਨਾ।
- ਮੂਲ 3-D ਆਕ੍ਰਿਤੀਆਂ, ਜਿਵੇਂ ਕਿ ਘਣਾਵ, ਬੇਲਣ, ਕੋਨ, ਗੋਲੇ ਦੀ ਉਹਨਾਂ ਦੇ ਨਾਮ ਅਨੁਸਾਰ ਪਹਿਚਾਣ।
- 3-D ਵਸਤੂਆਂ ਦੀ 2-D ਬਾਹਰੀ ਰੇਖਾ ਅਨੁਸਾਰ ਨਿਸ਼ਾਨ ਲਗਾਉਣਾ।
- ਇਹਨਾਂ 2-D ਆਕ੍ਰਿਤੀਆਂ ਨੂੰ ਮਹਿਸੂਸ ਕਰਨਾ ਅਤੇ ਪਹਿਚਾਣਨਾ।
- 2D-ਆਕ੍ਰਿਤੀਆਂ ਜਿਵੇਂ ਆਇਤ, ਵਰਗ, ਤ੍ਰਿਭੁਜ, ਚੱਕਰ ਦੀ ਉਹਨਾਂ ਦੇ ਨਾਮ ਅਨੁਸਾਰ ਪਹਿਚਾਣ।
- ਇਹਨਾਂ 2-D ਆਕ੍ਰਿਤੀਆਂ ਦੇ ਗੁਣਾਂ ਦਾ ਅੰਤਰ ਗਿਆਨ ਦੁਆਰਾ ਵਰਣਨ।
- ਤਹਿ ਮਾਰ ਕੇ, ਵਸਤੂ ਦੇ ਸਿੱਧੇ ਕਿਨਾਰੇ ਦੁਆਰਾ, ਧਾਗੇ ਨੂੰ ਖਿੱਚ ਕੇ ਮੁਕਤ ਹੱਥ ਨਾਲ਼ ਅਤੇ ਫੁੱਟੇ ਨਾਲ਼ ਸਿੱਧੀ ਰੇਖਾ ਦੀ ਪਹਿਚਾਣ ਅਤੇ ਬਣਾਉਣਾ।
- ਸਿੱਧੀਆਂ, ਖੜੀਆਂ ਅਤੇ ਤਿਰਛੀਆਂ ਰੇਖਾਵਾਂ ਬਣਾਉਣੀਆਂ (ਮੁਕਤ ਹੱਥ ਨਾਲ਼)
- ਸਿੱਧੀ ਰੇਖਾ ਅਤੇ ਵਕਰ ਰੇਖਾ ਵਿੱਚ ਅੰਤਰ।
- ਵਸਤੂਆਂ ਦੀ ਉਹਨਾਂ ਦੇ ਪਰਿਛਾਵਿਆਂ ਨੂੰ ਮਹਿਸੂਸ ਕਰਨ ਉਪਰੰਤ ਪਹਿਚਾਣ।

**ਸੰਖਿਆਵਾਂ**

- 99 ਤੱਕ ਦੀਆਂ ਸੰਖਿਆਵਾਂ ਦੇ ਸੰਖਿਆਂ ਅੰਕਾਂ ਨੂੰ ਪੜ੍ਹਨਾ ਅਤੇ ਲਿਖਣਾ।
- ਕਿਸੇ ਸੰਖਿਆ ਨੂੰ ਸਥਾਨਕ ਮੁੱਲ ਦੇ ਅਨੁਸਾਰ ਵਿਸਤ੍ਰਿਤ ਕਰਨਾ।
- ਗਿਣਨਾ ਅਤੇ ਵਸਤੂਆਂ ਨੂੰ ਦਹਾਈਆਂ ਅਤੇ ਇਕਾਈਆਂ ਵਿੱਚ ਮੁੜ ਇੱਕਠਾ ਕਰਨਾ।
- ਸੰਖਿਆਵਾਂ ਦੀ ਤੁਲਨਾ ਵਿੱਚ ਸਥਾਨਕ ਮੁੱਲ ਦੀ ਧਾਰਣਾ ਦੀ ਵਰਤੋਂ।
- ਵੱਖ-ਵੱਖ ਤਰੀਕਿਆਂ ਨਾਲ਼ ਗਿਣਤੀ:-
  - ਕਿਸੇ ਵੀ ਸੰਖਿਆ ਤੋਂ ਸ਼ੁਰੂ ਕਰਕੇ।
  - ਸਮੂਹ ਗਿਣਤੀ ਆਦਿ।
- ਸੌ ਤੱਕ ਦੀਆਂ ਸੰਖਿਆਵਾਂ ਨੂੰ ਚੜ੍ਹਦੇ ਅਤੇ ਲਹਿੰਦੇ ਕ੍ਰਮ ਵਿੱਚ ਤਰਤੀਬ ਬੱਧ ਕਰਨਾ।
- ਦਿੱਤੇ ਅੰਕਾਂ ਨੂੰ ਦੁਹਰਾ ਕੇ ਅਤੇ ਬਿਨਾ ਦੁਹਰਾਏ, ਦੋ ਅੰਕਾਂ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਛੋਟੀ ਸੰਖਿਆ ਬਣਾਉਣਾ।
- ਕਿਸੇ ਵਸਤੂ ਦਾ ਇੱਕ ਰੇਖਾ 'ਤੇ ਸਥਾਨ ਮਹਿਸੂਸ ਅਤੇ ਦਰਜ ਕਰਨਾ।

**ਜੋੜ ਅਤੇ ਘਟਾਓ**

- ਦੋ ਅੰਕਾਂ ਵਾਲੀਆਂ ਸੰਖਿਆਵਾਂ ਨੂੰ ਦਹਾਈਆਂ ਅਤੇ ਇਕਾਈਆਂ ਵਿੱਚ ਦਰਸਾ ਕੇ, ਮੁੜ ਸਮੂਹ ਬਣਾ ਕੇ ਅਤੇ ਬਿਨਾ ਮੁੜ ਸਮੂਹ ਬਣਾਏ ਜੋੜ ਘਟਾਓ।
- ਸੰਖਿਆ ਵਿੱਚ ਸਿਫ਼ਰ ਦਾ ਜੋੜ ਅਤੇ ਕਿਸੇ ਸੰਖਿਆ ਵਿੱਚੋਂ ਸਿਫ਼ਰ ਘਟਾਓ।
- ਨਮੂਨਿਆਂ ਦੁਆਰਾ ਜੋੜ ਦੇ ਕ੍ਰਮ-ਵਟਾਦਰਾਂ ਗੁਣ ਨੂੰ ਮਹਿਸੂਸ ਕਰਨਾ।
- ਚਿੱਤਰਾਂ ਦੁਆਰਾ ਅਤੇ ਜ਼ਬਾਨੀ ਵਿਆਖਿਆ ਦੁਆਰਾ ਦਰਸਾਈਆਂ ਜੋੜ ਅਤੇ ਘਟਾਓ ਸਮੱਸਿਆਵਾਂ ਹੱਲ ਕਰਨੀਆਂ।
- ਉਹਨਾਂ ਹਾਲਤਾਂ ਦੀ ਜ਼ਬਾਨੀ ਵਿਆਖਿਆ ਕਰਨੀ ਜਿਹੜੇ ਦਿੱਤੇ ਜੋੜ ਅਤੇ ਘਟਾਓ ਤੱਥ ਦੇ ਸੰਗਤ ਹੋਣ।

- ਜੋੜ ਅਤੇ ਘਟਾਓ ਦੇ ਨਤੀਜੇ ਦਾ ਅੰਦਾਜਾਂ ਲਗਾਉਣਾ ਅਤੇ ਹੋਰ ਦਿੱਤੀਆਂ ਸੰਖਿਆਵਾਂ ਦੇ ਨਤੀਜੇ ਨਾਲ਼ ਤੁਲਨਾ ਕਰਨਾ।

**ਗੁਣਾ ਅਤੇ ਭਾਗ ਦੀ ਤਿਆਰੀ**

- ਜੋੜ ਦੇ ਦੁਹਰਾਓ ਨਾਲ਼ ਸਬੰਧਿਤ ਹਾਲਤਾਂ ਅਤੇ ਬਰਾਬਰ ਵੰਡਣ ਨਾਲ਼ ਸਬੰਧਿਤ ਹਾਲਤਾਂ 'ਤੇ ਚਰਚਾ ਕਰਨਾ।
- ਬਰਾਬਰ ਸਮੂਹ ਬਣਾਉਣ ਦੀਆਂ ਕਿਰਿਆਵਾਂ।

**ਦਿਮਾਗੀ ਅੰਕ ਗਣਿਤ**

- ਇੱਕ ਅੰਕ ਵਾਲੀਆਂ ਸੰਖਿਆਵਾਂ ਨੂੰ ਦਿਮਾਗੀ ਜੋੜਨਾ ਅਤੇ ਘਟਾਉਣਾ।
- ਦਸ ਦੇ ਗੁਣਜਾਂ ਨੂੰ ਦਿਮਾਗੀ ਜੋੜਨਾ ਅਤੇ ਘਟਾਉਣਾ।

**ਧਨ**

- ਮੁਦਰਾ ਨੂੰ ਪਛਾਣਨਾ- ਨੋਟ ਅਤੇ ਸਿੱਕੇ।
- ਧਨ ਦੀ ਰਾਸ਼ੀ ਨੂੰ ਇੱਕਠੇ ਕਰਨਾ (ਧਨ 50 ਰੁ: ਤੋਂ ਵੱਧ ਨਹੀਂ ਹੋਣਾ ਚਾਹੀਦਾ)।
- ਧਨ ਦੀਆਂ ਛੋਟੀਆਂ ਰਾਸ਼ੀਆਂ ਨੂੰ ਦਿਮਾਗੀ ਜੋੜਨਾ ਅਤੇ ਘਟਾਉਣਾ।
- 3-4 ਨੋਟਾਂ ਨੂੰ ਵਰਤ ਕੇ ਕਿਸੇ ਰਾਸ਼ੀ ਦਾ ਕਾਰਵਿਹਾਰ ਕਰਨਾ।

**ਮਾਪ: ਲੰਬਾਈ:**

- ਲੰਬੇ ਅਤੇ ਛੋਟੇ ਰਸਤਿਆਂ ਦੀ, ਇਕਸਮਾਨ (ਅਣ-ਮਿਆਰੀ) ਇਕਾਈਆਂ ਦੀ ਵਰਤੋਂ ਕਰਕੇ (ਲੰਬੀ ਲੰਬਾਈ ਤੱਕ ਵਧਾਇਆ ਜਾ ਸਕਦਾ ਹੈ) ਲੰਬਾਈ ਅਤੇ ਦੂਰੀ ਮਾਪਣਾ।

**ਭਾਰ**

- ਕਿਸੇ ਦੋ ਵਸਤੂਆਂ ਦੀ ਉਹਨਾਂ ਦੇ ਭਾਰ ਦੇ ਅਨੁਸਾਰ ਤੁਲਨਾ ਕਰਨਾ।
- ਸਧਾਰਣ ਤੱਕੜੀ ਦੀ ਜ਼ਰੂਰਤ ਦਾ ਮਹੱਤਵ।
- ਤੱਕੜੀ ਦੀ ਵਰਤੋਂ ਕਰਕੇ ਦਿੱਤੀਆਂ ਵਸਤੂਆਂ ਦੇ ਭਾਰ ਦੀ ਤੁਲਨਾ।

**ਸਮੱਰਥਾ (ਆਇਤਨ)**

- ਬਰਤਨਾਂ ਦਾ ਉਹਨਾਂ ਦੀ ਅੰਦਰੂਨੀ ਸਮੱਰਥਾ (ਆਇਤਨ) ਅਨੁਸਾਰ ਤੁਲਨਾ ਅਤੇ ਕ੍ਰਮ।
- ਦਿੱਤੇ ਬਰਤਨਾਂ ਦਾ ਉਹਨਾਂ ਦੀ ਧਾਰਨ ਸਮੱਰਥਾ ਅਨੁਸਾਰ।

**ਸਮਾਂ**

- ਹਫਤੇ ਦੇ ਦਿਨਾਂ ਅਤੇ ਸਾਲ ਦੇ ਮਹੀਨਿਆਂ ਬਾਰੇ ਜਾਣੂੰ ਹੋਣਾ।
- ਮੌਸਮ ਦੇ ਕ੍ਰਮ (ਸਥਾਨਕ ਤਬਦੀਲੀ) ਬਾਰੇ ਜਾਣਨਾ।
- ਲੰਬੀ ਅਵਧੀ ਦੀ ਘਟਨਾ ਵਾਪਰਨ ਨੂੰ ਤਰਤੀਬ (ਕ੍ਰਮ) ਦੇਣਾ।

**ਅੰਕੜੇ ਬਣਾਉਣਾ**

- ਮਾਪ ਦੁਆਰਾ ਅੰਕੜੇ ਇੱਕਠੇ ਕਰਨਾ।
- ਵਿਚਾਰ-ਵਟਾਦਰਾਂ (ਉਦਾਹਰਣ ਲਈ, ਬੱਚਿਆ ਦੀ ਉਚਾਈ) ਤੋਂ ਪ੍ਰਾਪਤ ਅੰਕੜਿਆਂ ਨੂੰ ਦਰਸਾਉਣਾ।
- ਜਨਮ ਤਾਰੀਖਾਂ ਉੱਪਰ ਅੰਕੜਿਆਂ ਨੂੰ ਇੱਕਠਾ ਕਰਨਾ ਅਤੇ ਪੇਸ਼ ਕਰਨਾ।
- ਉਚਿਤ ਪੱਧਰ ਤੇ ਅੰਕੜਿਆਂ ਤੋਂ ਪਰਿਣਾਮ ਕੱਢਣਾ।

**ਪੈਟਰਨ (ਨਮੂਨੇ)**

- ਆਕ੍ਰਿਤੀਆਂ ਅਤੇ ਸੰਖਿਆਵਾਂ ਦੇ ਕ੍ਰਮ ਵਿੱਚ ਪੈਟਰਨ (ਨਮੂਨੇ) ਨੂੰ ਮਹਿਸੂਸ ਕਰਨਾ ਅਤੇ ਅੱਗੇ ਵਧਾਉਣਾ।
- ਇੱਕ ਸੰਖਿਆ ਨੂੰ ਵੱਖ-ਵੱਖ ਤਰੀਕਿਆਂ ਨਾਲ਼ ਤੋੜਨ ਦੇ ਪੈਟਰਨ (ਨਮੂਨੇ) ਦੀ ਭਾਲ ਕਰਨਾ।
- ਅਗੂੰਠੇ ਦੀ ਛਾਪ, ਪੱਤੇ ਨੂੰ ਛਾਪ ਮੇ, ਸਬਜੀ ਨੂੰ ਛਾਪਕੇ ਆਦਿ ਤੋਂ ਛਪਾਈ ਪੈਟਰਨ (ਨਮੂਨੇ) ਤਿਆਰ ਕਰਨਾ।
- ਸਮ ਆਕ੍ਰਿਤੀਆਂ ਨੂੰ ਛਾਪ ਕੇ ਪੈਟਰਨ (ਨਮੂਨੇ) ਤਿਆਰ ਕਰਨਾ।

## ਸ਼੍ਰੇਣੀ : ਦੂਜੀ

## 6. ਵਾਤਾਵਰਨ ਸਿੱਖਿਆ

**ਉਦੇਸ਼**

**ਸਿੱਖਿਆਰਥੀ**

- ❖ ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ❖ ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ ।
- ❖ ਉਹ ਸਵਸਥ ਜੀਵਨ - ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ ਹੈ । ਕੂੜਾ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ❖ ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ❖ ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।
- ❖ ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।
- ❖ ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।
- ❖ ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

**ਵਿਸ਼ਾ -ਵਸਤੂ : ਪਹਿਲੀ ਅਤੇ ਦੂਜੀ ਸ਼੍ਰੇਣੀ**

ਪਹਿਲੀ ਅਤੇ ਦੂਜੀ ਸ਼੍ਰੇਣੀਆਂ ਵਿੱਚ ਅਧਿਆਪਕ ਦੁਆਰਾ ਬੱਚੇ ਦੇ ਕਰੀਬੀ ਆਲੇ ਦੁਆਲੇ ਵਿੱਚੋਂ ਹੀ ਪਾਠਕ੍ਰਮ ਦੀ ਰਚਨਾ ਕੀਤੀ ਜਾਣੀ ਹੈ। ਇਹਨਾਂ ਸ਼੍ਰੇਣੀਆਂ ਦਾ ਪਾਠ ਕ੍ਰਮ, ਭਾਸ਼ਾ, ਗਣਿਤ ਅਤੇ ਆਰਟ ਅਤੇ ਹੈਲਦੀ ਐਂਡ ਪ੍ਰੋਡਕਟਿਵ ਲਿਵਿੰਗ ਰਾਹੀਂ ਹੀ ਪੜ੍ਹਾਇਆ ਜਾਵੇਗਾ।

**(ੳ) ਬੱਚੇ ਦਾ ਵਾਤਾਵਰਨ**

- ❖ ਬੱਚੇ ਦਾ ਕਰੀਬੀ ਵਾਤਾਵਰਨ (ਪਰਿਵਾਰ ਅਤੇ ਘਰ, ਸਕੂਲ ਅਤੇ ਦੋਸਤ, ਜਾਨਵਰ, ਪੌਦੇ ਅਤੇ ਵਸਤਾਂ)
- ❖ ਸਥਾਨਕ ਵਾਤਾਵਰਨ ਵਿਚਲੇ ਆਮ ਜਾਨਵਰ, ਪੰਛੀ ਅਤੇ ਪੌਦੇ ।
- ❖ ਸਥਾਨਕ ਖੇਤਰ ਦੇ ਭੌਤਿਕੀ ਲੱਛਣ ਜਿਵੇਂ ਬਨਸਪਤੀ, ਜੀਵ-ਜੰਤੂ, ਭੌ-ਦ੍ਰਿਸ਼।

**(ਅ) ਵਾਤਾਵਰਨ ਅਤੇ ਬੱਚੇ ਦੀਆਂ ਲੋੜਾਂ**

- ❖ ਭੋਜਨ, ਪਾਣੀ, ਰਿਹਾਇਸ਼, ਖੇਡਣ ਅਤੇ ਮੌਜ ਮਸਤੀ ਦੀ ਲੋੜ ।
- ❖ ਦੁਰਘਟਨਾਵਾਂ, ਤਿੱਖੀਆਂ ਵਸਤਾਂ ਅਤੇ ਅੱਗ ਤੋਂ ਬਚਾਉ ।

**(ੲ) ਸਫਾਈ ਅਤੇ ਵਾਤਾਵਰਨ ਦੀ ਸੰਭਾਲ**

- ❖ ਨਿਜੀ ਸਫਾਈ ਅਤੇ ਚੰਗੀਆਂ ਆਦਤਾਂ।
- ❖ ਨਿਜੀ ਚੀਜਾਂ ਨੂੰ ਸਾਫ਼-ਸੁਥਰਾ ਰੱਖਣਾ।
- ❖ ਆਲੇ - ਦਆਲੇ ਨੂੰ ਸਾਫ਼ ਰੱਖਣਾ ( ਘਰ, ਖੇਡ ਦਾ ਮੈਦਾਨ, ਕਲਾਸ ਅਤੇ ਸਕੂਲ )
- ❖ ਪੌਦਿਆਂ ਅਤੇ ਜਾਨਵਰਾਂ ਦੀ ਸੰਭਾਲ ਕਰਨੀ।

**ਉਦਾਹਰਣ ਕਿਰਿਆਵਾਂ :**

ਹੇਠਾਂ ਦਿੱਤੀਆਂ ਕਿਰਿਆਵਾਂ ਸੁਝਾਈਆਂ ਜਾ ਰਹੀਆਂ ਹਨ । ਅਧਿਆਪਕ ਆਪਣੇ ਆਪ, ਆਪਣੇ ਆਲੇ-ਦੁਆਲੇ ਅਤੇ ਬੱਚਿਆਂ ਦੀ ਰੁੱਚੀ ਦੇ ਪੱਧਰ ਅਨੁਸਾਰ ਕਿਰਿਆਵਾਂ ਵਿਉਂਤ ਤੇ ਸਿਰਜ ਸਕਦੇ ਹਨ।

- ❖ ਪ੍ਰਾਕਿਰਤੀ ਦੀ ਸੁੰਦਰਤਾ, ਸਮਤਾ, ਇਕਸੁਰਤਾ ਅਤੇ ਵੰਨਸੁਵਨਤਾ ਨੂੰ ਨਿਹਾਰਨ ਦੇ ਅਵਸਰ ਪ੍ਰਦਾਨ ਕਰਨਾ।
- ❖ ਬੱਚਿਆਂ ਨੂੰ ਪੋਦਿਆਂ, ਜਾਨਵਰਾਂ, ਵਸਤਾਂ, ਦ੍ਰਿਸ਼ਾ, ਪ੍ਰਸਥਿਤੀਆਂ, ਘਟਨਾਵਾਂ, ਵਾਰਦਾਤਾ ਨੂੰ ਗਹੁ ਨਾਲ਼ ਦੇਖਣ ਲਈ ਪ੍ਰੇਰਿਤ ਕਰਨਾ ।
- ❖ ਪ੍ਰਾਕਿਰਤੀ ਨੂੰ ਨਿਹਾਰਨਾ।

- ਰੋਜ਼ਾਨਾ ਜ਼ਿੰਦਗੀ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਅਤੇ ਕਹਾਣੀਆਂ ਬਿਆਨ ਕਰਨੀਆਂ ।
- ਚਾਰਟਾਂ, ਤਸਵੀਰਾਂ, ਅੜਾਊਣੀਆਂ (PUZZLE) ਅਤੇ ਕੱਟ- ਆਊਣ ਦੀ ਵਰਤੋਂ ਕਰਨ ਲਈ ਪ੍ਰੋਤਸਾਹਿਤ ਕਰਨਾ।
- ਪੋਦਿਆਂ ਅਤੇ ਜਾਨਵਰਾਂ ਦੀ ਸੰਭਾਲ ਕਰਨ ਲਈ ਕਹਿਣਾ।
- ਕਲੇਅ ਮਾਡਲਿੰਗ, ਪੇਪਰ ਕਟਿੰਗ ਅਤੇ ਫੋਲਡਿੰਗ ਵਰਗੀਆਂ ਕਿਰਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਨਾ।
- ਬੱਚਿਆਂ ਦੀ ਆਪਣੀ ਸੰਭਾਲ ਕਰਨ ਅਤੇ ਆਲੇ-ਦੁਆਲੇ ਦੀ ਸਫਾਈ ਰੱਖਣ ਵਿੱਚ ਸਹਾਇਤਾ ਕਰਨਾ।
- ਡਰਾਮੇ ਅਯੋਜਿਤ ਕਰਾਉਣੇ ਅਤੇ ਉਹਨਾਂ ਵਿੱਚ ਭੂਮਿਕਾ ਨਿਭਾਉਣੀ ਅਤੇ ਸਾਂਗ ਕਰਵਾਉਂਣੇ।
- ਬੱਚਿਆਂ ਵਿੱਚ ਸਹੀ ਸਿਹਤਮੰਦ ਆਦਤਾਂ ਵਿਕਸਿਤ ਕਰਨੀਆਂ ਅਤੇ ਇਹਨਾਂ ਆਦਤਾਂ ਨੂੰ ਸਮੇਂ-ਸਮੇਂ ਤੇ ਦ੍ਰਿੜਾਉਣਾ।
- ਸਾਧਾਰਨ ਬਹਿਸ ਰਾਹੀਂ ਬਚਿਆਂ ਨਾਲ਼ ਉਹਨਾਂ ਦੇ ਤਜ਼ਰਬੇ ਸਾਂਝੇ ਕਰਨਾ।
- ਪ੍ਰਾਕਿਰਤੀ ਅਤੇ ਵਾਤਾਵਰਨ ਨਾਲ਼ ਜੁੜੀਆ ਖੇਡਾਂ ਕਰਵਾਉਣੀਆਂ।
- ਕਵਿਤਾ-ਗਾਣ ਅਤੇ ਗੀਤ ਗਾਣੇ ਆਯੋਜਿਤ ਕਰਵਾਉਣੇ।
- ਪਾਰਕਾਂ, ਫੁੱਲਾਂ ਦੇ ਬਾਗਾਂ, ਖੇਤਾਂ, ਅਜਾਇਬ ਘਰਾਂ ਦੀ ਸੈਰ ਕਰਵਾਉਣੀ।

## ਸ਼੍ਰੇਣੀ-ਦੂਜੀ

## 7. ਸਿਹਤ ਅਤੇ ਸਰੀਰਿਕ ਸਿੱਖਿਆ

**ਨੋਟ :**

(1) ਨਿਸ਼ਚਿਤ ਪਾਠ-ਕ੍ਰਮ ਨੂੰ ਅਧਿਆਪਕ ਆਪਣੀ ਸੂਝ ਅਤੇ ਕਲਪਨਾ ਨਾਲ਼ ਲਾਗੂ ਕਰੇ। ਕ੍ਰਿਆਵਾਂ ਅਤੇ ਖੇਡ ਸਮੱਗਰੀ ਦੇ ਨਾਲ਼-ਨਾਲ਼ ਬੱਚਿਆਂ ਦੀ ਰੁਚੀ ਤੇ ਉਤਸ਼ਾਹ ਨੂੰ ਧਿਆਨ ਵਿੱਚ ਰੱਖੇ।

(2) ਕਿਉਂਕਿ ਛੇ ਤੋਂ ਨੌ ਸਾਲ ਦੀ ਉਮਰ ਦੇ ਬੱਚਿਆਂ ਲਈ ਖੇਡ ਕ੍ਰਿਆਵਾਂ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਹੁੰਦਾ, ਇਸ ਲਈ ਪਹਿਲੀ ਤੋਂ ਤੀਜੀ ਸ਼੍ਰੇਣੀ ਤੱਕ ਦਾ ਪਾਠ-ਕ੍ਰਮ ਇਕੱਠਾ ਹੀ ਬਣਾਇਆ ਗਿਆ ਹੈ।

### ਪਹਿਲੀ ਤੋਂ ਤੀਜੀ ਸ਼੍ਰੇਣੀ

**(1) ਹਰਕਤਾਂ**

(ੳ) ਮੂਲ ਹਰਕਤਾਂ

| | |
|---|---|
| ਤੁਰਨਾ | ਛਾਲ ਮਾਰਨਾ ਜਾਂ ਕੁੱਦਣਾ,ਝੁਕਣਾ |
| ਦੌੜਨਾ | ਧੱਕਣਾ, ਧਕੇਲਣਾ,ਤਾੜੀ ਵਜਾਉਣਾ, ਰੱਸੀ ਟੱਪਣਾ |
| ਝੂਲਣਾ | ਸਿੱਧੀ ਲੇਟਣੀ, ਪੁੱਠੀ ਲੇਟਣੀ |

(ਅ ) ਸ਼ੇਰ ਅਤੇ ਬਾਂਦਰ ਵਰਗੇ ਜਾਨਵਰਾਂ ਦੀ ਨਕਲ ਉਤਾਰਨਾ

**(2) ਖੇਡਾਂ ਦੀਆਂ ਮੁੱਢਲੀਆਂ ਕੁਸ਼ਲਤਾਵਾਂ**

ਟੱਪਾ ਪਾਉਣਾ ਸੰਤੁਲਨ ਰੱਖਣਾ, ਕ੍ਰਿਕਟ ਬਾਲ ਜਾਂ ਹਾਕੀ ਬਾਲ ਨੂੰ ਸੁੱਟਣਾ ਅਤੇ ਬੋਚਣਾ

| | | |
|---|---|---|
| ਕਿੱਕ ਮਾਰਨਾ | ਰੇੜ੍ਹ ਕੇ ਲੈ ਜਾਣਾ, | ਛਾਲ ਮਾਰਨਾ |
| ਚੜ੍ਹਨਾ | ਝਕਾਨੀ ਦੇਣਾ | ਭੱਜਣਾ ਦੌੜਨਾ |

**(3) ਛੋਟੀਆਂ ਖੇਡਾਂ**;

ਅਧਿਆਪਕ ਆਪਣੀ ਸੂਝ ਅਤੇ ਕਲਪਨਾ ਅਨੁਸਾਰ ਵਿਦਿਆਰਥੀ ਨੂੰ ਖੇਡਾਂ ਕਰਵਾ ਸਕਦਾ ਹੈ।